The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News
ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

0800 CLEANUS
RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $ 100
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
ਘਰਾਂ ਜਾਂ ਆਫਿਸ ਵਿਚ ਕਾਰਪੈਟ ਕਲੀਨਿੰਗ ਜਾਂ ਵਿੰਡੋਜ਼ ਕਲੀਨਿੰਗ ਲਈ ਅੱਜ ਹੀ ਸੰਪਰਕ ਕਰੋ
CONTACT RAJ : 021874702, 0226554227
www.redcleaning.co.nz

12 January 2021, Daily, editornztasveer@gmail.com designnztasveer@gmail.com Ph/Fax: 09 390 4644

# ਐਨ ਜੈਡ ਚੰਡੀਗੜ੍ਹ ਕਲੱਬ ਵੱਲੋਂ ਨਵੇਂ ਸਾਲ ਦੇ ਮੌਕੇ 'ਤੇ ਪਰਿਵਾਰਕ ਪ੍ਰੋਗਰਾਮ ਉਲੀਕਿਆ ਗਿਆ





ਆਕਲੈਂਡ (ਐਨ. ਜ਼ੈਡ. ਤਸਵੀਰ) : ਜਸਨ ਅਤੇ ਪਰੰਪਰਾਵਾਂ ਹਰੇਕ ਸਮਾਜ ਅਤੇ ਸਭਿਆਚਾਰ ਦਾ ਇਕ ਮਹੱਤਵਪੂਰਨ ਹਿੱਸਾ ਹਨ. ਇਹ ਉਨ੍ਹਾਂ ਦੇ ਦੇਸ਼ ਦੀਆਂ ਕਦਰਾਂ ਕੀਮਤਾਂ ਨੂੰ ਦਰਸਾਉਂਦਾ ਹੈ ਇਸੇ ਦੇ ਮੱਦੇਨਜ਼ਰ ਐਨ ਜੈਡ ਚੰਡੀਗੜ੍ਹ ਕਲੱਬ ਵੱਲੋਂ ਨਵੇਂ ਸਾਲ ਦੇ ਮੌਕੇ 'ਤੇ ਪਰਿਵਾਰਕ ਪ੍ਰੋਗਰਾਮ ਦਾ ਆਯੋਜਨ ਕੀਤਾ। ਸਮਾਗਮ ਦੀ ਸੁਰੂਆਤ ਹਲਕੇ ਤਾਜਗੀ ਅਤੇ ਪ੍ਰਾਰਥਨਾ ਨਾਲ ਕੀਤੀ ਗਈ "ਇਤਨੀ ਸਕਤੀ ਹਮੇ ਦੇਨਾ ਦਾਤਾਟਾ - ਮਨ ਕਾ ਵਿਸਵਾਸ ਕਮਜੋਰ ਹੋ ਨਾ", ਸਾਰੇ ਹਾਜਰੀਨ ਦੁਆਰਾ ਗਾਇਆ ਗਿਆ। ਪ੍ਰੈਜ਼ੀਡੈਂਟ ਰੀਟਾ ਅਰੋੜਾ ਨੇ ਸਾਰੇ ਪਹੁੰਚੇ ਹੋਏ ਮਹਿਮਾਨਾਂ ਦਾ ਸੁਆਗਤ ਕੀਤਾ ਅਤੇ ਚੰਗੀ ਸਿਹਤ ਅਤੇ ਸੁਰੱਖਿਆ ਦੀ ਕਾਮਨਾ ਨਿਊਜ਼ੀਲੈਂਡ ਵਾਸੀਆਂ ਲਈ ਹੀ ਨਹੀਂ ਬਲਕਿ ਸਾਰੇ ਵਿਸਵ ਲਈ ਕੀਤੀ। ਇੱਕ ਬਹੁਤ ਹੀ ਤੰਦਰੁਸਤ, ਸੁਰੱਖਿਅਤ ਅਤੇ ਖੁਸ਼ਹਾਲ ਤਿਉਹਾਰ ਦਾ ਮੌਸਮ ਅਤੇ ਇਸ ਤੋਂ ਵੀ ਵਧੀਆ 2021 ਕਿਉਂਕਿ ਸਾਰਾ ਸੰਸਾਰ ਕੋਵਿਡ ਨਾਲ ਸੰਘਰਸ ਕਰ ਰਿਹਾ ਹੈ। ਪ੍ਰੋਗਰਾਮ ਵਿਚ ਕੁਇਜ, ਚੁਟਕਲੇ, ਕਵਿਤਾ, ਗਾਣੇ, ਡਾਂਸ, ਖੇਡਾਂ, ਅੰਤ੍ਰਾਕਸ਼ੀ ਆਦਿ ਖੇਡਾਂ ਖੇਡੀਆਂ ਗਈਆਂ ਅਤੇ ਬਹੁਤ ਸਾਰੇ ਸਪਾਟ ਇਨਾਮ ਦਿੱਤੇ ਗਏ ਜੋ ਪ੍ਰੋਗਰਾਮ ਵਿਚ ਉਤਸਾਹ ਵਧਾਉਂਦੇ ਸਨ। ਇਸ ਪ੍ਰੋਗਰਾਮ ਦੇ ਬਾਅਦ ਦੁਪਹਿਰ ਦੇ ਖਾਣੇ ਦਾ ਆਯੋਜਨ ਕੀਤਾ ਗਿਆ। ਸ੍ਰੀਮਾਨ ਬੱਲੂ ਸਲੂਜਾ - ਫਿਲਮ ਸੰਪਾਦਕ ਅਤੇ ਇੱਕ ਅਕੈਡਮੀ ਮੈਂਬਰ (ਓਐਸਸੀਆਰਐਸ) ਦਾ ਕਲੱਬ ਨੂੰ ਸੁਭ ਕਾਮਨਾਵਾਂ ਭੇਜਣ ਲਈ ਧੰਨਵਾਦ ਕੀਤਾ ਗਿਆ। ਮਹਾਨ ਕਲਾਤਮਕਤਾ ਵੀ ਭਾਰਤੀ ਕਲਾਸੀਕਲ ਗਾਇਕ ਉਸਤਾਦ ਗੁਲਾਮ ਮੁਸਤਫਾ ਖਾਨ - ਪਦਮ ਵਿਭੂਸਣ, ਪਦਮ ਭੂਸਣ, ਪਦਮ ਸ੍ਰੀ ਨੂੰ ਸਮੁੱਚੀ ਕਲੱਬ ਦੀ ਟੀਮ ਦੀਆਂ ਸੁੱਭ ਕਾਮਨਾਵਾਂ ਲਈ ਵਧਾਈ ਦਿੱਤੀ ਗਈ। ਇਸ ਸਮਾਗਮ ਦਾ ਸਿਹਰਾ ਪ੍ਰਧਾਨ ਰੀਟਾ ਅਰੋੜਾ, ਜਨਰਲ ਸਕੱਤਰ ਅਨੀਤਾ ਭੋਲਾ ਨੂੰ ਜਾਂਦਾ ਹੈ। ਦਫਤਰ ਸੱਕਤਰ ਨਿਧੀ ਭਸੀਨ, ਖਜਾਨਾ ਹੀਮਾਂਸੂ ਘਈ ਅਤੇ ਸਰਪ੍ਰਸਤ ਸਵਿਾਨੀ ਅਰੋੜਾ ਅਤੇ ਕਾਰਜਕਾਰੀ ਮੈਂਬਰ ਗੀਤਾਂਜਲੀ ਗਗ ਅਤੇ ਪਵਨ ਡਬਲਾ ਦਾ ਧੰਨਵਾਦ ਵੀ ਵਿਸ਼ੇਸ਼ ਤੌਰ 'ਤੇ ਕੀਤਾ ਗਿਆ। ਐਨ ਜੇਡਜ ਚੰਡੀਗੜ੍ਹ ਕਲੱਬ ਦੀ ਪ੍ਰਬੰਧਕ ਸਭਾ ਵੈਲਿੰਗਟਨ ਔਰਤਾਂ ਦੀ ਦੇਖਭਾਲ ਟਰੱਸਟ ਨੂੰ ਬਹੁਤ ਮੰਨਦੀ ਹੈ ਅਤੇ ਪ੍ਰਸ਼ੰਸਾ ਕਰਦੀ ਹੈ।

# ਰਿਜ਼ਰਵ ਬੈਂਕ ਆਫ ਨਿਊਜ਼ੀਲੈਂਡ ਦਾ ਡਾਟਾ ਸਿਸਟਮ ਹੈਕ




ਆਕਲੈਂਡ (ਐਨ. ਜ਼ੈਡ. ਤਸਵੀਰ) : ਨਿਊਜ਼ੀਲੈਂਡ ਦੇ ਕੇਂਦਰੀ ਬੈਂਕ ਨੇ ਐਤਵਾਰ ਨੂੰ ਇੱਕ ਬਿਆਨ ਵਿਚ ਕਿਹਾ ਕਿ ਕਿਸੇ ਅਣਜਾਣ ਹੈਕਰ ਨੇਇੱਕ ਡਾਟਾ ਸਿਸਟਮ ਹੈਕ ਕਰ ਲਿਆ ਹੈ। ਇਸ ਹੈਕਰ ਨੇ ਬੈਂਕ ਦੇ ਕਾਰੋਬਾਰੀ ਅਤੇ ਵਿਅਕਤੀਗਤ ਜਾਣਕਾਰੀ ਨੂੰ ਸੰਵੇਦਨਸ਼ੀਲ ਤਰੀਕੇ ਨਾਲ ਚੋਰੀ ਕੀਤਾ ਹੈ। ਵੈਲਿੰਗਟਨ ਸਥਿਤ ਬੈਂਕ ਨੇ ਇੱਕ ਬਿਆਨ ਵਿਚ ਕਿਹਾ ਕਿ ਸੰਵੇਦਨਸ਼ੀਲ ਜਾਣਕਾਰੀ ਸਾਂਝਾ ਕਰਨ ਦੇ ਲਈ ਰਿਜ਼ਰਵ ਬੈਂਕ ਆਫ ਨਿਊਜ਼ੀਲੈਂਡ ਵੱਲੋਂ ਇਸਤੇਮਾਲ ਕੀਤੇ ਜਾਣ ਵਾਲੇ ਇੱਕ ਤੀਜੇ ਪੱਖ ਦੀ ਫਾਈਲ ਸ਼ੇਅਰਿੰਗ ਸਰਵਿਸ ਤੱਕ ਨਜਾਇਜ਼ ਰੂਪ ਵਿਚ ਪਹੁੰਚਾਈ ਗਈ ਹੈ। ਗਵਰਨਰ ਐਡ੍ਰੀਅਨ ਆਰ ਨੇ ਕਿਹਾ ਕਿ ਉਲੰਘਣਾ ਨੂੰ ਅੱਗੇ ਵੱਧਣ ਤੋਂ ਰੋਕ ਲਿਆ ਹੈ। ਉਨ੍ਹਾਂ ਕਿਦਹਾ ਕਿ ਬੈਂਕ ਦੇ ਮੁੱਖ ਕੰਮ ਸੁਚਾਰੂ ਰੂਪ ਨਾਲ ਜਾਰੀ ਹੈ। ਅਸੀਂ ਇਸ ਹਮਲੇ ਦੀ ਜਾਂਚ ਕਰ ਰਹੇ ਹਾਂ। ਗਵਰਨਰ ਨੇ ਕਿਹਾ ਕਿ ਉਲੰਘਣ ਨੂੰ ਜੈ ਕੇ ਪੂਰੀ ਜਾਣਕਾਰੀ ਨੂੰ ਸਮਝਣ ਵਿਚ ਸਮਾਂ ਲੱਗੇਗਾ।

# ਇੰਗਲੈਂਡ 'ਚ ਖੇਡ ਮੈਦਾਨਾਂ ਸਮੇਤ ਸੱਤ ਨਵੇਂ ਕੇਂਦਰ ਕਰਨਗੇ ਟੀਕਾਕਰਨ ਪ੍ਰਕਿਰਿਆ ਨੂੰ ਤੇਜ਼

ਗਲਾਸਗੋ/ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ) ਇੰਗਲੈਂਡ ਵਿੱਚ ਵਾਇਰਸ ਦੀ ਲਾਗ ਨੂੰ ਰੋਕਣ ਲਈ ਇਸਦੀ ਟੀਕਾਕਰਨ ਪ੍ਰਕਿਰਿਆ ਨੂੰ ਹੋਰ ਤੇਜ਼ ਕਰਨ ਦੇ ਮੰਤਵ ਲਈ ਸੱਤ ਨਵੇਂ ਟੀਕਾਕਰਨ ਕੇਂਦਰ ਖੋਲ੍ਹੇ ਜਾ ਰਹੇ ਹਨ, ਜਿਹਨਾਂ ਵਿੱਚ ਇੱਕ ਫੁੱਟਬਾਲ ਸਟੇਡੀਅਮ, ਟੈਨਿਸ ਕਲੱਬ ਅਤੇ ਇੱਕ ਰੇਸ ਕੋਰਸ ਵੀ ਸ਼ਾਮਿਲ ਹੈ। ਦੇਸ਼ ਵਿੱਚ ਇਹ ਕੇਂਦਰ 11 ਜਨਵਰੀ ਨੂੰ ਖੁੱਲ੍ਹਣ ਵਾਲੇ ਹਨ, ਜਿਸ ਨਾਲ ਹਜਾਰਾਂ ਹੋਰ ਲੋਕ ਇਸ ਹਫਤੇ ਕੋਰੋਨਾਂ ਵਾਇਰਸ ਟੀਕਾ ਪ੍ਰਾਪਤ ਕਰਨਗੇ। ਇੰਗਲੈਂਡ ਵਿੱਚ ਖੁੱਲ੍ਹ ਰਹੇ ਇਹਨਾਂ ਨਵੇਂ ਟੀਕਾ ਕੇਂਦਰਾਂ ਵਿੱਚ ਬ੍ਰਿਸਟਲ 'ਚ ਐਸਟਨ ਗੇਟ, ਸਰੀ ਦਾ ਐਪਸੋਮ ਰੇਸ ਕੋਰਸ, ਐਕਸਲ ਸੈਂਟਰ ਜਿਥੇ ਲੰਡਨ ਦਾ ਨਾਈਟਿੰਗਲ ਹਸਪਤਾਲ ਸਥਿਤ ਹੈ, ਨਿਊਕੈਸਲ ਦਾ ਸੈਂਟਰ ਫਾਰ ਲਾਈਫ, ਮਾਨਚੇਸਟਰ 'ਚ ਟੈਨਿਸ ਅਤੇ ਫੁੱਟਬਾਲ ਸੈਂਟਰ, ਸਟੀਵਨਜ ਅਤੇ ਬਰਮਿੰਘਮ ਦੇ ਮਿਲੇਨੀਅਮ ਪੁਆਇੰਟ ਦਾ ਰੌਬਰਟਸਨ ਹਾਊਸ ਆਦਿ ਸ਼ਾਮਿਲ ਹਨ। ਐੱਨ.ਐੱਚ.ਐੱਸ ਇੰਗਲੈਂਡ ਅਨੁਸਾਰ ਇਹਨਾਂ ਸਥਾਨਾਂ ਨੂੰ ਵੱਧ ਤੋਂ ਵੱਧ ਲੋਕਾਂ ਨੂੰ ਟੀਕਾ ਲਗਾਉਣ ਦੇ ਉਦੇਸ਼ ਲਈ ਚੁਣਿਆ ਗਿਆ ਹੈ। ਇਸਦੇ ਇਲਾਵਾ ਇਹ ਨਵੇਂ ਸੈਂਟਰ ਆਉਣ ਵਾਲੇ ਦਿਨਾਂ ਵਿੱਚ ਸੈਂਕੜੇ ਹੋਰ ਹਸਪਤਾਲ ਦੀਆਂ ਸੇਵਾਵਾਂ ਦੇ ਨਾਲ ਜੁੜ ਜਾਣਗੇ, ਜਿਨ੍ਹਾਂ ਦੀ ਗਿਣਤੀ ਲੱਗਭਗ 1200 ਹੋ ਜਾਵੇਗੀ। ਇਹ ਨਵੇਂ ਮਾਸ ਟੀਕਾਕਰਨ ਕੇਂਦਰ ਹਰ ਹਫਤੇ ਹਜਾਰਾਂ ਟੀਕੇ ਲਗਾਉਣ ਦੇ ਸਮਰੱਥ ਹੋਣਗੇ ਅਤੇ ਸਰਕਾਰ ਇਸ ਦੌਰਾਨ ਫਰਵਰੀ ਦੇ ਅੱਧ ਤੱਕ ਤਕਰੀਬਨ 14 ਮਿਲੀਅਨ ਕਮਜੋਰ ਲੋਕਾਂ ਨੂੰ ਟੀਕਾ ਲਗਾਉਣ ਦਾ ਟੀਚਾ ਮਿੱਥ ਰਹੀ ਹੈ, ਜਿਸ ਵਿੱਚ 80 ਸਾਲ ਦੀ ਉਮਰ ਤੋਂ ਵੱਧ, ਕੇਅਰ ਹੋਮ ਰੈਜੀਡੈਂਟਸ ਅਤੇ ਸਿਹਤ ਦੇਖਭਾਲ ਕਾਮੇ ਸ਼ਾਮਿਲ ਹਨ। ਇਸ ਸੰਬੰਧੀ ਸਿਹਤ ਸਕੱਤਰ ਮੈਟ ਹੈਨਕਾਕ ਨੇ ਦੱਸਿਆ ਕਿ ਸਰਕਾਰ ਵੱਲੋਂ ਇਸ ਟੀਚੇ ਨੂੰ ਪੂਰਾ ਕਰਨ ਲਈ ਇੰਗਲੈਂਡ ਵਿੱਚ ਹਰ ਰੋਜ ਹਜ਼ਾਰਾਂ ਲੋਕਾਂ ਨੂੰ ਟੀਕਾ ਲਗਾਇਆ ਜਾ ਰਿਹਾ ਹੈ। ਇਸ ਸਮੇਂ ਦੇਸ ਭਰ ਵਿੱਚ ਲੱਗਭਗ 1000 ਟੀਕਾਕਰਨ ਸਾਈਟਾਂ ਵਿੱਚੋਂ, ਤਕਰੀਬਨ 800 ਜੀ ਪੀ ਸੰਚਾਲਿਤ ਕੇਂਦਰਾਂ ਵੱਲੋਂ ਜ਼ਿਆਦਾਤਰ ਟੀਕੇ ਲਗਾਉਣ ਦੀ ਉਮੀਦ ਹੈ।




# ਇੰਗਲੈਂਡ 'ਚ ਕੋਰੋਨਾਂ ਮਰੀਜ਼ਾਂ ਲਈ ਵਧੀ ਆਕਸੀਜਨ ਦੀ ਮੰਗ ਨੇ ਕੀਤੀ ਹਸਪਤਾਲਾਂ ਦੀ ਸਥਿਤੀ ਨਾਜ਼ੁਕ

ਗਲਾਸਗੋ/ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ) ਇੰਗਲੈਂਡ ਵਿੱਚ ਪ੍ਰਤੀ ਦਿਨ ਕੋਰੋਨਾਂ ਵਾਇਰਸ ਦੇ ਮਰੀਜ਼ਾਂ ਦੀ ਗਿਣਤੀ ਵਧਣ ਕਾਰਨ ਹਸਪਤਾਲਾਂ ਵਿੱਚ ਸਿਹਤ ਸਹੂਲਤਾਂ ਦੀ ਘਾਟ ਪੈਦਾ ਹੋ ਰਹੀ ਹੈ ਅਤੇ ਇਨ੍ਹਾਂ ਸਿਹਤ ਸਹੂਲਤਾਂ ਵਿੱਚ ਆਕਸੀਜਨ ਦੀ ਹੋ ਰਹੀ ਕਮੀ ਵਧੇਰੇ ਚਿੰਤਾਜਨਕ ਹੈ। ਇਸ ਸੰਬੰਧੀ ਇੱਕ ਰਿਪੋਰਟ ਦੇ ਅਨੁਸਾਰ ਏਸੇਕਸ ਦਾ ਇੱਕ ਹਸਪਤਾਲ ਕੋਰੋਨਾਂ ਵਾਇਰਸ ਦੇ ਮਰੀਜ਼ਾਂ ਲਈ ਵਧੀ ਹੋਈ ਆਕਸੀਜਨ ਦੀ ਮੰਗ ਨੂੰ ਲੈ ਕੇ ਨਾਜ਼ੁਕ ਸਥਿਤੀ ਦਾ ਸਾਹਮਣਾ ਕਰ ਰਿਹਾ ਹੈ। ਇਸ ਖੇਤਰ ਦੇ ਸਾਊਥੈਂਡ ਹਸਪਤਾਲ ਦੇ ਪ੍ਰਬੰਧਕ ਇਸ ਵੇਲੇ ਆਕਸੀਜਨ ਦੀ ਘਾਟ ਨੂੰ ਪੂਰਾ ਕਰਨ ਲਈ ਜੱਦੋ ਜਹਿਦ ਕਰ ਰਹੇ ਹਨ। ਇਸਦੀ ਜਾਣਕਾਰੀ ਦਿੰਦੇ ਨੋਟ ਅਨੁਸਾਰ ਮਰੀਜਾਂ ਲਈ ਆਕਸੀਜਨ ਖਪਤ ਦੇ ਪੱਧਰ ਨੂੰ ਹੁਣ 88 ਤੋਂ 92% ਵਿੱਚ ਰੱਖਿਆ ਜਾਣਾ ਚਾਹੀਦਾ ਹੈ ਜਦਕਿ ਕੋਰੋਨਾਂ ਮਰੀਜਾਂ ਲਈ ਆਕਸੀਜਨ ਦੇ ਇਸ ਪੱਧਰ ਦੀ 92-96 ਪ੍ਰਤੀਸ਼ਤ ਤੱਕ ਦੀ ਸਿਫਾਰਸ਼ ਰਾਸਟਰੀ ਸਿਹਤ ਸੰਸਥਾਵਾਂ ਦੁਆਰਾ ਕੀਤੀ ਜਾਂਦੀ ਹੈ।ਇਸ ਦੌਰਾਨ ਐਤਵਾਰ ਨੂੰ ਯੂਕੇ ਵਿੱਚ ਤਕਰੀਬਨ 54,940 ਹੋਰ ਕੇਸਾਂ ਦੇ ਨਾਲ 563 ਮੌਤਾਂ ਵੀ ਦਰਜ਼ ਕੀਤੀਆਂ ਗਈਆਂ ਹਨ ,ਜਿਸਦੇ ਨਾਲ ਮਹਾਂਮਾਰੀ ਦੀ ਸੁਰੂਆਤ ਤੋਂ ਲੈ ਕੇ ਹੁਣ ਤੱਕ ਮੌਤਾਂ ਦੀ ਗਿਣਤੀ ਲੱਗਭਗ 81,431 ਹੋ ਗਈ ਹੈ। ਇਸਦੇ ਇਲਾਵਾ ਏਸੇਕਸ ਖੇਤਰ ਵਿੱਚ ਵੀ ਵਾਇਰਸ ਦੇ ਮਾਮਲੇ ਲਗਾਤਾਰ ਵਧ ਰਹੇ ਹਨ, ਜਿਸਦੇ ਸਿੱਟੇ ਵਜੋਂ ਇਸ ਖੇਤਰ ਵਿੱਚ ਹੁਣ ਯੂਕੇ ਦੀ ਤੀਜੀ ਸਭ ਤੋਂ ਵੱਡੀ ਲਾਗ ਦਰ ਹੈ। ਇਸ ਖੇਤਰ ਦੇ ਅੰਕੜਿਆਂ ਅਨੁਸਾਰ ਏਸੇਕਸ ਵਿੱਚ ਪ੍ਰਤੀ 100,000 ਵਿਅਕਤੀਆਂ ਪਿੱਛੇ 1540.1 ਕੇਸ ਹਨ, ਜਦੋਂ ਕਿ ਸਾਊਥੈਂਡ ਵਿੱਚ ਪ੍ਰਤੀ 100,000 ਲਈ 1234.7 ਵਾਇਰਸ ਦੇ ਕੇਸ ਹਨ। ਇੰਗਲੈਂਡ ਦੇ ਮੁੱਖ ਮੈਡੀਕਲ ਅਫਸਰ ਪ੍ਰੋਫੈਸਰ ਕ੍ਰਿਸ ਵਿੱਟੀ ਨੇ ਐਤਵਾਰ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਸਪਤਾਲਾਂ ਵਿੱਚ ਮਰੀਜ਼ਾਂ ਦੇ ਦਾਖਲ ਹੋਣ ਦੀ ਵਧ ਰਹੀ ਗਿਣਤੀ ਦੇ ਕਾਰਨ ਐੱਨ.ਐੱਚ.ਐੱਸ ਹੁਣ ਸਭ ਤੋਂ ਖਤਰਨਾਕ ਸਥਿਤੀ ਦਾ ਸਾਹਮਣਾ ਕਰ ਰਿਹਾ ਹੈ ਅਤੇ ਪ੍ਰੋਫੈਸਰ ਵਿੱਟੀ ਨੇ ਇਸ ਸਥਿਤੀ ਨੂੰ ਰੋਕਣ ਲਈ ਲੋਕਾਂ ਨੂੰ ਘਰ ਰਹਿਣ ਦੀ ਅਪੀਲ ਕੀਤੀ ਹੈ।

